**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**
**ਡਾਇਰੈਕਟੋਰੇਟ ਸਿੱਖਿਆ ਵਿਭਾਗ (ਸੈ.ਸਿੱ.), ਪੰਜਾਬ**

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ./ ਐ.ਸਿੱ.),
2. ਸਮੂਹ ਸਕੂਲ ਮੁਖੀ,
ਪੰਜਾਬ।

ਮੀਮੋ ਨੰ: 15/47-2019 ਕੋ(1)/2020217788
ਮਿਤੀ: 17.01.2020

**ਵਿਸ਼ਾ:-** **ਸਿੱਖਿਆ ਵਿਭਾਗ ਦੇ ਟੀਚਿੰਗ/ਨਾਨ-ਟੀਚਿੰਗ ਕਰਮਚਾਰੀਆਂ ਵੱਲੋਂ ਰੈਗੂਲਰ ਤੌਰ 'ਤੇ ਉਚੇਰੀ ਸਿੱਖਿਆ ਲਈ ਛੁੱਟੀ ਦੀ ਪ੍ਰਵਾਨਗੀ ਸਬੰਧੀ।**

ਹਵਾਲਾ:- ਸਿੱਖਿਆ ਵਿਭਾਗ ਦੇ ਪੱਤਰ ਨੰ: 18/44/2016-1ਸਿ2/918753/2 ਮਿਤੀ: 02-02-2017, ਪੱਤਰ ਨੰ: 11/7/2017-5Edu-VI/1027174/1-5 ਮਿਤੀ: 20-07-2017, ਪੱਤਰ ਨੰ: 11/125/17-5ਸਿ6/1085667/1 ਮਿਤੀ, ਚੰਡੀਗੜ੍ਹ:16-10-2017, ਪੱਤਰ ਨੰ: 15/61-2017 ਕੋ ਸ਼ਾਖਾ(1)107 ਮਿਤੀ:06-03-2018, ਪੱਤਰ ਨੰ: AD(Co)/SSE/2018/4011117 ਮਿਤੀ: 10-07-2018, ਪੱਤਰ ਨੰ: AD(Co)/SSE/2018/10921037 ਮਿਤੀ: 21-11-2018 ਅਤੇ ਪੱਤਰ ਨੰ: AD(Co)/SSE/2018/10921037 (1) ਮਿਤੀ: 26-11-2018 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਹਵਾਲਾ ਅਧੀਨ ਪੱਤਰਾਂ ਵੱਲ ਦਿਵਾਉਂਦੇ ਹੋਏ ਲਿਖਿਆ ਜਾਂਦਾ ਹੈ ਕਿ ਵਿਭਾਗ ਵਿੱਚ ਅਜਿਹੇ ਬਹੁਤ ਸਾਰੇ ਕੇਸ ਪ੍ਰਾਪਤ ਹੋ ਰਹੇ ਹਨ ਜਿਨ੍ਹਾਂ ਵਿੱਚ ਕਰਮਚਾਰੀਆਂ ਵੱਲੋਂ ਉਚੇਰੀ ਸਿੱਖਿਆ Distance Education Mode ਜਾਂ ਰੈਗੂਲਰ Mode ਰਾਹੀਂ ਪ੍ਰਾਪਤ ਕਰਨ ਦੇ ਮੰਤਵ ਲਈ ਲੋੜੀਂਦੀ ਪ੍ਰਵਾਨਗੀ ਅਤੇ ਇਸ ਮੰਤਵ ਲਈ ਛੁੱਟੀ ਦੀ ਮੰਗ ਕੀਤੀ ਜਾ ਰਹੀ ਹੈ।

2. ਇਸ ਸਬੰਧੀ ਸਾਰੇ ਵਿਭਾਗ ਵਿੱਚ ਇਕਸਾਰਤਾ ਨੂੰ ਬਰਕਰਾਰ ਰੱਖਣ ਦੇ ਮੰਤਵ ਨਾਲ ਫੈਸਲਾ ਕੀਤਾ ਗਿਆ ਹੈ ਕਿ ਜਿਨ੍ਹਾਂ ਕੇਸਾਂ ਵਿੱਚ ਕੋਈ ਕਰਮਚਾਰੀ Distance Education Mode ਰਾਹੀਂ ਉਚੇਰੀ ਸਿੱਖਿਆ ਪ੍ਰਾਪਤ ਕਰਨ ਦੀ ਪ੍ਰਵਾਨਗੀ ਲਈ ਬੇਨਤੀ ਪੱਤਰ ਦਿੰਦਾ ਹੈ ਤਾਂ ਅਜਿਹੀ ਪ੍ਰਵਾਨਗੀ ਦਫ਼ਤਰ ਦੇ ਮੁਖੀ ਭਾਵ ਸਬੰਧਤ ਡੀ.ਡੀ.ਓ. ਵੱਲੋਂ ਆਪਣੇ ਪੱਧਰ 'ਤੇ ਇਸ ਸ਼ਰਤ 'ਤੇ ਦਿੱਤੀ ਜਾਵੇਗੀ ਕਿ ਸਬੰਧਤ ਕਰਮਚਾਰੀ ਨੂੰ ਕੇਵਲ ਪ੍ਰੀਖਿਆ ਦੇ ਦਿਨਾਂ ਦੀ ਹੀ ਛੁੱਟੀ ਮਿਲਣਯੋਗ ਹੋਵੇਗੀ।

3. ਜੇਕਰ ਕੋਈ ਕਰਮਚਾਰੀ ਰੈਗੂਲਰ ਤੌਰ 'ਤੇ ਉਚੇਰੀ ਸਿੱਖਿਆ ਪ੍ਰਾਪਤ ਕਰਨ ਦੀ ਪ੍ਰਵਾਨਗੀ ਲੈਣਾ ਚਾਹੁੰਦਾ ਹੈ ਤਾਂ ਅਜਿਹਾ ਕੋਰਸ ਕਰਨ ਲਈ ਸਬੰਧਤ ਕਰਮਚਾਰੀ ਨੂੰ ਵਿਭਾਗ ਦੇ ਮੁੱਖੀ

ਵੱਲੋਂ ਇਸ ਸ਼ਰਤ 'ਤੇ ਪ੍ਰਵਾਨਗੀ ਦਿੱਤੀ ਜਾਵੇਗੀ ਕਿ ਸਬੰਧਤ ਕਰਮਚਾਰੀ ਵੱਲੋਂ ਉਚੇਰੀ ਸਿੱਖਿਆ ਲਈ ਕੀਤਾ ਜਾਣ ਵਾਲਾ ਕੋਰਸ Distance Education Mode ਰਾਹੀਂ ਉਪਲੱਬਧ ਨਹੀਂ ਹੈ। ਇਸ ਮੰਤਵ ਲਈ ਛੁੱਟੀ ਪ੍ਰਾਪਤ ਕਰਨ ਲਈ ਸਬੰਧਤ ਕਰਮਚਾਰੀ ਵਿਭਾਗ ਵੱਲੋਂ ਤਿਆਰ ਕੀਤੇ ਪੋਰਟਲ 'ਤੇ ਆਪਣੇ ਸਬੰਧਤ ਡੀ.ਡੀ.ਓ. ਰਾਹੀਂ ਆਨ ਲਾਈਨ ਅਰਜ਼ੀ ਆਪਣੇ ਵਿਭਾਗ ਦੇ ਮੁਖੀ ਭਾਵ ਸਬੰਧਤ ਡੀ.ਪੀ.ਆਈ. ਨੂੰ ਅਪਲਾਈ ਕਰੇਗਾ।

4. ਰੈਗੂਲਰ ਤੌਰ 'ਤੇ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਲੋੜੀਂਦੀ ਪ੍ਰਵਾਨਗੀ ਅਤੇ ਇਸ ਮੰਤਵ ਲਈ ਛੁੱਟੀ ਲਈ ਆਨਲਾਈਨ (online) ਹੀ ਅਪਲਾਈ ਕੀਤਾ ਜਾਵੇ। ਕਿਸੇ ਵੀ ਸੂਰਤ ਵਿਚ ਆਫ ਲਾਈਨ (Offline) ਜਾਂ ਫਿਜ਼ੀਕਲ ਤੌਰ 'ਤੇ ਭੇਜੀ ਗਈ ਅਰਜ਼ੀ ਵਿਚਾਰੀ ਨਹੀਂ ਜਾਵੇਗੀ।

5. ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ.)
ਪੰਜਾਬ

ਪਿੱਠਅੰਕਣ ਨੰ: ੳ੨੩/੭੦੭੦੭।੧੭੧੨ - ੧੬ ਮਿਤੀ: 17.01.2020

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ. ਟੂ ਸਕੱਤਰ, ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ.), ਪੰਜਾਬ।
3. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ.), ਪੰਜਾਬ।
4. ਪੀ.ਆਰ.ਓ. ਸਿੱਖਿਆ ਵਿਭਾਗ, ਪੰਜਾਬ।
5. ਡੀ.ਐਮ., ਐਮ.ਆਈ.ਐਸ. ਵਿੰਗ ਨੂੰ ਵੈਬਸਾਈਟ 'ਤੇ ਅਪਲੋਡ ਕਰਨ ਹਿੱਤ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ.)
ਪੰਜਾਬ

Guidelines to submit Application for Higher Qualification on ePunjabSchool Portal

1) Teachers can login to their ePunjabSchool Staff Login
2) Click on "Apply" menu, then "Application for Higher Qualification"
3) Fill the desired columns
4) Click on "Submit" button to submit the application.

Once submitted by the employee, the application will go to concerned DDO login for verification of facts.

- If qualification is through "Correspondence" or "Distance Education", the application will be approved or rejected by the concerned DDO.
- If qualification is through "Regular" Mode, the application will go to the concerned directorate for further necessary action.